2742022-Chandigarh-07.qxd 4/27/2022 12:40 AM Page 2

ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ

ਰੇਡੀਓ



ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਕੀਰਤਨ ਵਿਚ 27 ਅਪ੍ਰੈਲ ਨੂੰ ਸ਼ਾਮ 4.30 ਤੋਂ 5.30 ਵਜੇ ਤੱਕ **ਭਾਈ ਗੁਰਚਰਨ ਸਿੰਘ** ਤੇ 28 ਅਪ੍ਰੈਲ ਨੂੰ ਸਵੇਰੇ 4:00 ਤੋਂ 6:00 ਵਜੇ ਤੱਕ **ਭਾਈ ਸਤਨਾਮ ਸਿੰਘ** ਕੋ 'ਆਸਾ ਦੀ ਵਾਰ' ਦਾ ਕੀਰਤਨ ਕਰਨਗੇ।

ਪੀ. ਟੀ. ਸੀ.

ਪੀ.ਟੀ.ਸੀ. ਪੰਜਾਬੀ ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਪ੍ਰੋਗਰਾਮ ਵਿਚ 27 ਅਪ੍ਰੈਲ ਨੂੰ ਸ਼ਾਮ 6:00 ਤੋਂ 8:00 ਵਜੇ ਤੱਕ **ਭਾਈ ਜੋਰਾ ਸਿੰਘ** ਕੀਰਤਨ, ਪਾਠ 'ਰਹਿਰਾਸ ਸਾਹਿਬ' ਉਪਰੰਤ 'ਆਰਤੀ' **ਭਾਈ ਪਲਵਿੰਦਰ ਸਿੰਘ** ਅਤੇ 28 ਅਪ੍ਰੈਲ ਨੂੰ ਸਵੇਰੇ 3:15 ਵਜੇ ਤੋਂ 7:45 ਵਜੇ ਤੱਕ **ਭਾਈ ਸਤਨਾਮ ਸਿੰਘ** ਕੋ ਅਤੇ **ਭਾਈ ਸੁਖਬੀਰ ਸਿੰਘ** ਕੀਰਤਨ ਕਰਨਗੇ।

ਮੁੱਖ ਵਾਕ ਦੀ ਕਥਾ : 27 ਅਪ੍ਰੈਲ ਨੂੰ ਗਿਆਨੀ ਜਸਵੰਤ ਸਿੰਘ ਸਾਬਕਾ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਅਤੇ 28 ਅਪ੍ਰੈਲ ਨੂੰ ਗਿਆਨੀ ਮਹਿਤਾਬ ਸਿੰਘ ਖਡੂਰ ਸਾਹਿਬ, ਸ੍ਰੀ ਮੰਜੀ ਸਾਹਿਬ ਦੀਵਾਨ ਹਾਲ (ਸ੍ਰੀ ਹਰਿਮੰਦਰ ਸਾਹਿਬ) ਵਿਖੇ 7:45 ਵਜੇ ਤੋਂ 8:30 ਵਜੇ ਤੱਕ ਮੁੱਖ ਵਾਕ ਦੀ ਕਥਾ ਕਰਨਗੇ।

ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਸੈਕਟਰ 26 ਵਿਖੇ 'ਸਾਈਬਰ ਸਵੱਛਤਾ ਮਿਸ਼ਨ' ਬਾਰੇ ਵਰਕਸ਼ਾਪ ਦੌਰਾਨ ਬੋਲਦੇ ਹੋਏ ਚੰਡੀਗੜ੍ਹ ਪੁਲਿਸ ਦੇ ਆਈ.ਜੀ ਓਮਵੀਰ ਬਿਸ਼ਨੋਈ। ਉਨ੍ਹਾਂ ਨਾਲ ਐਸ.ਪੀ ਕੇਤਨ ਬਾਂਸਲ, ਐਸ.ਪੀ ਮਨੋਜ ਕੁਮਾਰ ਮੀਨਾ, ਡਾ. ਰਸਮੀ ਸ਼ਰਮਾ ਅਤੇ ਪ੍ਰਿੰਸੀਪਲ ਡਾ. ਨਵਜੋਤ ਕੌਰ ਵੀ ਬੈਠੇ ਹਨ ਅਤੇ ਦੂਜੀ ਤਸਵੀਰ ਵਿਚ ਹਾਜ਼ਰ ਵਿਦਿਆਰਥੀ। ਤਸਵੀਰਾਂ : ਗੁਰਿੰਦਰ ਸਿੰਘ

ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਨੇ ਐਮ.ਜੀ.ਐਨ.ਸੀ.ਆਰ.ਈ. ਅਤੇ ਚੰਡੀਗੜ੍ਹ ਪੁਲਿਸ ਦੇ ਸਹਿਯੋਗ ਨਾਲ ਸਾਈਬਰ ਸਵੱਛਤਾ 'ਤੇ ਵਰਕਸ਼ਾਪ ਕਰਵਾਈ

ਚੰਡੀਗੜ੍ਹ, 26 ਅਪ੍ਰੈਲ (ਪ੍ਰੋ. ਅਵਤਾਰ ਸਿੰਘ)- ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਸੈਕਟਰ-26, ਚੰਡੀਗੜ੍ਹ ਨੇ ਮਹਾਤਮਾ ਗਾਂਧੀ ਨੈਸ਼ਨਲ ਕੌਂਸਲ ਆਫ ਰੂਰਲ ਐਜੂਕੇਸ਼ਨ (ਐਮ.ਜੀ.ਐਨ.ਸੀ.ਆਰ.ਈ.), ਸਾਈਬਰ ਧੋਖਾਧੜੀ ਤਫਤੀਸ਼ ਅਤੇ ਆਈ.ਟੀ. ਸੈੱਲ ਚੰਡੀਗੜ੍ਹ ਦੇ ਸਹਿਯੋਗ ਨਾਲ ਅੱਜ 'ਸਾਈਬਰ ਸਵੱਛਤਾ ਮਿਸ਼ਨ' ਬਾਰੇ ਇਕ ਇੰਟਰਐਕਟਿਵ ਵਰਕਸ਼ਾਪ ਕਰਵਾਈ ਗਈ। ਇਸ ਮੌਕੇ ਆਈ.ਜੀ. ਪੁਲਿਸ ਸ੍ਰੀ ਓਮਬੀਰ ਬਿਸ਼ਨੋਈ (ਆਈ.ਪੀ.ਐਸ.) ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਸ੍ਰੀ ਮਨੋਜ ਕੁਮਾਰ ਮੀਨਾ (ਆਈ.ਪੀ.ਐਸ.), ਸ੍ਰੀ ਕੇਤਨ ਬਾਂਸਲ (ਆਈ.ਪੀ.ਐਸ.) ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਸਨ। ਇਸ ਮੌਕੇ 'ਤੇ ਡਾ. ਰਸਮੀ ਸ਼ਰਮਾ ਯਾਦਵ (ਡੀ.ਐਸ.ਪੀ.) ਨੇ ਇਸ ਧੋਖਾਧੜੀ ਦੇ ਵਰਤਾਰੇ, ਔਨਲਾਈਨ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਕੁਦਰਤੀ ਵਿਗਾੜ ਅਤੇ ਆਮ ਖਤਰਿਆਂ ਤੋਂ ਬਚਣ ਲਈ ਲੋੜੀਂਦੇ ਅਭਿਆਸਾਂ ਅਤੇ ਸਾਵਧਾਨੀਆਂ ਬਾਰੇ ਦੱਸਿਆ ਜੋ ਇੰਟਰਨੈਟ ਉਪਭੋਗਤਾਵਾਂ ਵਾਸਤੇ ਬਹੁਤ ਜ਼ਰੂਰੀ ਹਨ। ਐਮ.ਜੀ.ਐਨ.ਸੀ.ਆਰ.ਈ. ਦੀ ਸਵੱਛਤਾ ਐਕਸ਼ਨ ਪਲਾਨ ਕਮੇਟੀ ਦੀ ਨੋਡਲ ਅਫਸਰ ਡਾ. ਅਕਾਂਕਸਾ ਕਯੂਮ ਨੇ ਸਮਾਗਮ ਨੂੰ ਹੋਰ ਬਿਹਤਰ ਬਣਾਉਣ ਲਈ ਧਰਤ ਸੁਹਾਵੀ ਵਾਤਾਵਰਨ ਸੁਸਾਇਟੀ, ਲੀਗਲ ਲਿਟਰੇਸੀ ਕਲੱਬ, ਐਨ.ਐਸ.ਐਸ. ਅਤੇ ਕਾਲਜ ਦੇ ਐਨ.ਸੀ.ਸੀ. ਵਿੰਗਾਂ ਦਾ ਸਹਿਯੋਗ ਲਿਆ। ਕਾਲਜ ਦੀ ਪ੍ਰਿੰਸੀਪਲ ਸਾਹਿਬਾ ਡਾ. ਨਵਜੋਤ ਕੌਰ, ਨੇ ਵਿਦਿਆਰਥੀਆਂ ਨੂੰ ਮਾਹਿਰਾਂ ਦੁਆਰਾ ਦਿੱਤੇ ਸੁਝਾਵਾਂ ਨੂੰ ਆਪਣੇ ਰੋਜ਼ਾਨਾ ਜੀਵਨ ਵਿਚ ਸ਼ਾਮਿਲ ਕਰਨ ਅਤੇ ਆਪਣੇ ਸਾਥੀ ਸਮੂਹਾਂ ਅਤੇ ਪਰਿਵਾਰਕ ਮੈਂਬਰਾਂ ਨਾਲ ਸਾਂਝਾ ਕਰਨ ਲਈ ਉਤਸ਼ਾਹਿਤ ਕੀਤਾ, ਜਿਸ ਨਾਲ ਉਨ੍ਹਾਂ ਨੂੰ ਬਾਹਰੀ ਅਤੇ ਡਿਜੀਟਲ ਵਾਤਾਵਰਣ ਦੋਵਾਂ ਵਿਚ ਸਾਈਬਰ ਧੋਖਾਧੜੀ ਦੇ ਖਾਤਮੇ ਬਾਰੇ ਜਾਗਰੂਕ ਕੀਤਾ ਜਾ ਸਕਦਾ ਹੈ।



ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਅਤੇ ਪਾਰਟੀ ਦੇ ਸੂਬਾ ਪ੍ਰਧਾਨ ਸ. ਨਿਸ਼ਾਨ ਸਿੰਘ ਚੰਡੀਗੜ੍ਹ ਵਿਖੇ ਜੇ.ਜੇ.ਪੀ ਦੇ ਸੂਬਾ ਦਫ਼ਤਰ ਵਿਖੇ ਆਉਣ ਵਾਲੀਆਂ ਮਿਉਂਸਪਲ ਚੋਣਾਂ ਸੰਬੰਧੀ ਜਨਨਾਇਕ ਜਨਤਾ ਪਾਰਟੀ ਦੇ ਸੀਨੀਅਰ ਆਗੂਆਂ ਨਾਲ ਮੀਟਿੰਗ ਕਰਦੇ ਹੋਏ। ਤਸਵੀਰ : ਕਮਲਜੀਤ ਸਿੰਘ

ਚੰਡੀਗੜ੍ਹ ਦੇ ਸੈਕਟਰ-22 ਦੀ ਸਾਸ਼ਤਰੀ ਮਾਰਕੀਟ ਵਿਚ ਬਿਨਾਂ ਮਾਸਕ ਘੁੰਮਦੇ ਹੋਏ ਲੋਕ ਜਦੋਂ ਕਿ ਕੁਝ ਕੁ ਲੋਕਾਂ ਵਲੋਂ ਪ੍ਰਸ਼ਾਸਨ ਦੀਆਂ ਹਦਾਇਤਾਂ ਨੂੰ ਮੰਨਦੇ ਹੋਏ ਮਾਸਕ ਨਾਲ ਆਪਣਾ ਨੱਕ ਤੇ ਮੂੰਹ ਢੱਕੇ ਹੋਏ ਨਜ਼ਰ ਆ ਰਹੇ ਹਨ। ਤਸਵੀਰ : ਗੁਰਿੰਦਰ ਸਿੰਘ

ਲੈਕਚਰਾਰ ਯੂਨੀਅਨ ਦਾ ਵ.ਫ਼ਦ ਸਿੱਖਿਆ ਮੰਤਰੀ ਨੂੰ ਮਿਲਿਆ

ਐੱਸ. ਏ. ਐੱਸ. ਨਗਰ, 26 ਅਪ੍ਰੈਲ (ਤਰਵਿੰਦਰ ਸਿੰਘ ਬੈਨੀਪਾਲ)- ਗੌਰਮਿੰਟ ਸਕੂਲ ਲੈਕਚਰਾਰ ਯੂਨੀਅਨ ਪੰਜਾਬ ਦਾ ਵਫ਼ਦ ਸਕੂਲ ਲੈਕਚਰਾਰਾਂ ਦੇ ਮਸਲਿਆਂ ਅਤੇ ਦਰਪੇਸ਼ ਸਮੱਸਿਆਵਾਂ ਨੂੰ ਲੈ ਕੇ ਸਿੱਖਿਆ ਮੰਤਰੀ ਪੰਜਾਬ ਗੁਰਮੀਤ ਸਿੰਘ ਮੀਤ ਹੇਅਰ ਨੂੰ ਮਿਲਿਆ। ਇਸ ਦੌਰਾਨ ਸੰਜੀਵ ਕੁਮਾਰ, ਗੁਰਪ੍ਰੀਤ ਸਿੰਘ, ਜਸਪਾਲ ਸਿੰਘ, ਸੀਸਨ ਕੁਮਾਰ, ਰਾਮਵੀਰ ਸਿੰਘ, ਪੂਰਨ ਸਹਿਗਲ ਤੇ ਜਸਕਰਨ ਸਿੰਘ ਆਦਿ ਆਗੂਆਂ ਨੇ ਸਕੂਲ ਲੈਕਚਰਾਰਾਂ ਦੇ ਮਸਲਿਆਂ ਅਤੇ ਦਰਪੇਸ਼ ਸਮੱਸਿਆਵਾਂ ਜਿਵੇਂ ਲੈਕਚਰਾਰ ਤੋਂ ਪ੍ਰਿੰਸੀਪਲ ਪ੍ਰਮੋਸ਼ਨਾਂ, 134 ਅਪਗ੍ਰੇਡ ਹੋਏ ਸਕੂਲਾਂ ਵਿਚ 11ਵੀਂ ਅਤੇ 12ਵੀਂ ਜਮਾਤਾਂ ਦੇ ਦਾਖ਼ਲੇ ਸਟਾਫ਼ ਅਤੇ ਪ੍ਰਿੰਸੀਪਲ ਤਾਇਨਾਤ ਕਰਨੇ, ਸਾਰੇ ਵਿਸ਼ਿਆਂ ਦੀਆਂ ਆਸਾਮੀਆਂ ਦੇਣਾ, ਸਾਇੰਸ ਅਤੇ ਕਾਮਰਸ ਸਟਰੀਮ ਵਾਲੇ ਸਕੂਲਾਂ ਵਿਚ ਪੂਰੀਆਂ ਆਸਾਮੀਆਂ ਦੇਣਾ, 2018 ਸੇਵਾ ਨਿਯਮਾਂ ਨੂੰ ਰੱਦ ਕਰਨਾ, ਪ੍ਰਿੰਸੀਪਲਾਂ ਦੀ ਡਾਇਰੈਕਟ ਭਰਤੀ/ਪ੍ਰਮੋਸ਼ਨ ਵਿਚ 25/75 ਫ਼ੀਸਦੀ ਕੋਟਾ ਨਿਰਧਾਰਿਤ ਕਰਨਾ, ਨਵ-ਪਦਉੱਨਤ ਲੈਕਚਰਾਰਾਂ ਦੇ ਵਿਭਾਗੀ ਟੈਸਟ ਨੂੰ ਰੱਦ ਕਰਨਾ, ਰਿਵਰਸ਼ਨ ਜ਼ੋਨ ਖ਼ਤਮ ਕਰਨਾ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨਾ, ਏ. ਈ. ਓ., ਡੀ. ਐਸ. ਐਸ., ਗਾਈਡੈਂਸ ਕੌਂਸਲਰ ਦੀ ਆਸਾਮੀ ਲੈਕਚਰਾਰਾਂ ਨੂੰ ਦੇਣ ਸੰਬੰਧੀ, ਰੋਕੇ ਹੋਏ ਭੱਤੇ ਜਿਵੇਂ ਪੇਂਡੂ ਖੇਤਰ ਭੱਤਾ, ਬਾਰਡਰ ਭੱਤਾ, ਆਨਲਾਇਨ ਬਦਲੀ ਵੇਲੇ ਖਾਲੀ ਆਸਾਮੀਆਂ ਜਨਤਕ ਕਰਨਾ ਆਦਿ ਮੁੱਦਿਆਂ ਤੋਂ ਸਿੱਖਿਆ ਮੰਤਰੀ ਨੂੰ ਜਾਣੂ ਕਰਵਾਇਆ ਗਿਆ ਅਤੇ ਉਨ੍ਹਾਂ ਨੇ ਸਾਰੇ ਮਸਲਿਆਂ ਨੂੰ ਨਿਯਮਾਂ ਅਨੁਸਾਰ ਹੱਲ ਕਰਨ ਦਾ ਵਿਸ਼ਵਾਸ ਦਿਵਾਇਆ।

ਮਾਸਕ ਪਹਿਨਣ ਨੂੰ ਲੈ ਕੇ ਸ਼ਹਿਰ ਦੇ ਬਜ਼ਾਰਾਂ ਵਿਚ ਦੇਖਣ ਨੂੰ ਮਿਲਿਆ ਘੱਟ ਅਸਰ

ਚੰਡੀਗੜ੍ਹ, 26 ਅਪ੍ਰੈਲ (ਨਵਿੰਦਰ ਸਿੰਘ ਬੜਿੰਗ)- ਚੰਡੀਗੜ੍ਹ ਪ੍ਰਸ਼ਾਸਨ ਵਲੋਂ ਪਿਛਲੇ ਦਿਨਾਂ ਵਿਚ ਲੋਕਾਂ ਨੂੰ ਕੋਵਿਡ ਤੋਂ ਬਚਾਅ ਲਈ ਜ਼ਿਆਦਾ ਭੀੜ ਭੜੱਕੇ ਵਾਲੀਆਂ ਥਾਵਾਂ ਉੱਤੇ ਜਾਣ ਸਮੇਂ ਮਾਸਕ ਪਹਿਨਣਾ ਜ਼ਰੂਰੀ ਕਰ ਦਿੱਤਾ ਸੀ। ਮਾਸਕ ਨਾ ਪਹਿਨਣ ਦੀ ਸੂਰਤ ਵਿਚ ਪ੍ਰਸ਼ਾਸਨ ਵਲੋਂ 500 ਰੁਪਏ ਦੇ ਜੁਰਮਾਨੇ ਦੀ ਤਜਵੀਜ਼ ਰੱਖੀ ਗਈ ਹੈ। ਪਰ ਅੱਜ ਜਦੋਂ ਚੰਡੀਗੜ੍ਹ ਸ਼ਹਿਰ ਦੀਆਂ ਅਲੱਗ-ਅਲੱਗ ਮਾਰਕੀਟਾਂ ਵਿਚ ਜਾ ਕੇ ਦੇਖਿਆ ਗਿਆ ਤਾਂ ਲੋਕਾਂ ਵਿਚ ਮਾਸਕ ਪਹਿਨਣ ਨੂੰ ਲੈ ਕੇ ਜਾਗਰੂਕਤਾ ਘੱਟ ਹੀ ਦਿਖਾਈ ਦਿੱਤੀ। ਸੈਕਟਰ-22 ਦੀ ਸਾਸ਼ਤਰੀ ਮਾਰਕੀਟ ਦੇ ਵਿਚ ਲੋਕ ਸਮਾਨ ਦੀ ਖਰੀਦਦਾਰੀ ਕਰ ਰਹੇ ਸਨ ਅਤੇ ਬਹੁਤੇ ਲੋਕਾਂ ਨੇ ਮਾਸਕ ਨਹੀਂ ਪਹਿਨਿਆ ਹੋਇਆ ਸੀ। ਇਸ ਸਬੰਧੀ ਜਦੋਂ ਮਾਰਕੀਟਾਂ ਦੇ ਦੁਕਾਨਦਾਰਾਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਜਦੋਂ ਤੋਂ ਚੰਡੀਗੜ੍ਹ ਪ੍ਰਸ਼ਾਸਨ ਨੇ ਭੀੜ-ਭੜੱਕੇ ਵਾਲੀਆਂ ਥਾਵਾਂ 'ਤੇ ਮਾਸਕ ਪਹਿਨਣਾ ਲਾਜ਼ਮੀ ਕੀਤਾ ਹੈ ਤਾਂ ਲੋਕ ਆਪਣੇ ਘਰਾਂ ਤੋਂ ਘੱਟ ਹੀ ਬਾਹਰ ਨਿਕਲ ਰਹੇ ਹਨ।

ਚੰਡੀਗੜ੍ਹ ਨਗਰ ਨਿਗਮ ਮੇਅਰ ਸਰਬਜੀਤ ਕੌਰ ਸੈਕਟਰ-52 ਡਿਸਪੈਂਸਰੀ ਦਾ ਨਿਰੀਖਣ ਕਰਦੇ ਹੋਏ। ਤਸਵੀਰ : ਗੁਰਿੰਦਰ ਸਿੰਘ

ਮੇਅਰ ਵਲੋਂ ਸੈਕਟਰ-52 ਡਿਸਪੈਂਸਰੀ ਦਾ ਨਿਰੀਖਣ

ਚੰਡੀਗੜ੍ਹ, 26 ਅਪ੍ਰੈਲ (ਮਨਜੋਤ ਸਿੰਘ ਜੋਤ)-ਚੰਡੀਗੜ੍ਹ ਨਗਰ ਨਿਗਮ ਮੇਅਰ ਸਰਬਜੀਤ ਕੌਰ ਨੇ ਅੱਜ ਸੈਕਟਰ-52 ਦੀ ਡਿਸਪੈਂਸਰੀ ਦਾ ਨਿਰੀਖਣ ਕੀਤਾ। ਉਨ੍ਹਾਂ ਇਸ ਮੌਕੇ ਮਰੀਜ਼ਾਂ ਨਾਲ ਵੀ ਗੱਲਬਾਤ ਕੀਤੀ। ਇਸ ਤੋਂ ਇਲਾਵਾ ਗੈਰ-ਹਾਜ਼ਰ ਕਰਮਚਾਰੀਆਂ ਦੇ ਖਿਲਾਫ਼ ਸਖ਼ਤ ਕਦਮ ਉਠਾਉਣ ਲਈ ਅਧਿਕਾਰੀਆਂ ਨੂੰ ਸਿਫਾਰਸ਼ ਕੀਤੀ। ਡਿਸਪੈਂਸਰੀ ਵਿਚ ਹਾਜ਼ਰ ਸਟਾਫ ਨੂੰ ਮੇਅਰ ਨੇ ਮਰੀਜ਼ਾਂ ਖ਼ਾਸ ਕਰਕੇ ਸੀਨੀਅਰ ਸਿਟੀਜਨਜ਼ ਦੀ ਪਹਿਲ ਦੇ ਅਧਾਰ 'ਤੇ ਸਿਹਤ ਜਾਂਚ ਕਰਨ ਦੀ ਹਦਾਇਤ ਕੀਤੀ।

ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਵਲੋਂ ਕਰਵਾਈ ਸਾਹਿਤਕ ਮਿਲਣੀ 'ਚ ਲੇਖਕਾਂ ਅਤੇ ਕਵੀਆਂ ਨੇ ਆਪਣੀਆਂ ਨਜ਼ਮਾਂ ਨਾਲ ਸਰੋਤਿਆਂ ਦੀ ਵਾਹਵਾ ਖੱਟੀ

ਚੰਡੀਗੜ੍ਹ, 26 ਅਪ੍ਰੈਲ (ਅਜਾਇਬ ਸਿੰਘ ਔਜਲਾ)-ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਵਲੋਂ ਮਹੀਨੇਵਾਰ ਕਰਵਾਈ ਜਾਂਦੀ ਸਾਹਿਤਕ ਮਿਲਣੀ ਤਹਿਤ ਨਾਮੀ ਅਤੇ ਉਭਰਦੇ ਲੇਖਕਾਂ ਅਤੇ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕਰਕੇ ਸਰੋਤਿਆਂ ਦੀ ਚੰਗੀ ਵਾਹਵਾ ਖੱਟੀ। ਚੰਡੀਗੜ੍ਹ ਤਰਕਸ਼ੀਲ ਸੋਸਾਇਟੀ ਦੇ ਮੁਖੀ ਪ੍ਰਿੰਸੀਪਲ ਗੁਰਮੀਤ ਸਿੰਘ ਇਸ ਮੌਕੇ 'ਤੇ ਮੁੱਖ ਮਹਿਮਾਨ ਵਜੋਂ ਪੁੱਜੇ, ਜਦਕਿ ਜਸਵੰਤ ਮੁਹਾਲੀ ਵਲੋਂ ਪ੍ਰਧਾਨਗੀ ਰਸਮਾਂ ਅਦਾ ਕੀਤੀਆਂ ਗਈਆਂ। ਸਾਹਿਤ ਵਿਗਿਆਨ ਕੇਂਦਰ ਦੇ ਪ੍ਰਧਾਨ ਸੇਵੀ ਰਾਇਤ ਦੀ ਅਗਵਾਈ ਹੇਠ ਕਰਵਾਏ ਕਵੀ ਦਰਬਾਰ ਦੌਰਾਨ ਨਾਮਵਰ ਗਜ਼ਲਗੋ ਸ੍ਰੀ ਸਿਰੀ ਰਾਮ ਅਰਸ਼, ਅਜੀਤ ਸਿੰਘ ਸੰਧੂ, ਬਾਬੂ ਰਾਮ ਦੀਵਾਨਾ, ਡਾ. ਪੰਨਾ ਲਾਲ ਮੁਸਤਫ਼ਾਬਾਦੀ, ਮਲਕੀਅਤ ਬਸਰਾ, ਡਾ. ਰਜਿੰਦਰ ਰੇਨੂੰ, ਹਰਭਜਨ ਕੌਰ ਢਿੱਲੋਂ ਅਤੇ ਦਰਸ਼ਨ ਤਿਉਣਾ ਨੇ ਆਪਣੀਆਂ ਨਜ਼ਮਾਂ ਪੇਸ਼ ਕਰਕੇ ਖ਼ੂਬ ਰੌਣਕ ਲਾਈ। ਇਸੇ ਲੜੀ ਵਿਚ ਨਵਨੀਤ ਕੌਰ ਮਠਾੜੂ, ਆਸ਼ਾ ਕੰਵਲ, ਮਲਕੀਤ ਨਾਗਰਾ, ਮਨਜੀਤ ਮੋਹਾਲੀ, ਰਤਨ ਬਾਬਕਵਾਲਾ, ਸ਼ਾਇਰ ਢਿੱਲੋਂ, ਐਮ.ਐਲ. ਅਰੋੜਾ, ਜਸਪਾਲ ਸਿੰਘ, ਬਲਜਿੰਦਰ ਕੌਰ ਸ਼ੇਰਗਿੱਲ ਦੇ ਨਾਲ-ਨਾਲ ਸੰਦੀਪ ਚੌਧਰੀ, ਲਾਭ ਸਿੰਘ ਲਹਿਲੀ, ਕੰਵਲ ਲੈਣ ਸਿੰਘ, ਅਮਰਜੀਤ ਬਠਲਾਣਾ ਅਤੇ ਭਰਪੂਰ ਸਿੰਘ ਆਦਿ ਲੇਖਕਾਂ ਅਤੇ ਕਵੀਆਂ ਨੇ ਵੀ ਆਪਣੀਆਂ ਨਜ਼ਮਾਂ ਪੇਸ਼ ਕਰਕੇ ਚੰਗਾ ਰੰਗ ਬੰਨਿਆ। ਇਸੇ ਦੌਰਾਨ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਬਲਕਾਰ ਸਿੰਘ ਨੇ ਜਿੱਥੇ ਟੱਪਿਆਂ ਦੀ ਵੰਨਗੀ ਨਾਲ ਸਰੋਤਿਆਂ ਦਾ ਚੰਗਾ ਧਿਆਨ ਖਿੱਚਿਆ, ਉਥੇ ਕਿਰਨ ਬੇਦੀ ਨੇ 'ਮਾਡਰਨ ਜਾਗੋ' ਪੇਸ਼ ਕਰਕੇ ਮਾਹੌਲ ਹੋਰ ਵੀ ਖ਼ੁਸ਼ ਗਵਾਰ ਬਣਾਇਆ। ਪ੍ਰਤਿਭਾਵਾਨ ਕਵੀ ਸਵਰਨ ਸਿੰਘ ਤੇ ਯੁਧਵੀਰ ਸਿੰਘ ਦੀ ਜੁਗਲਬੰਦੀ ਵੀ ਖ਼ੂਬ ਰਹੀ, ਉਥੇ ਬਲਵਿੰਦਰ ਢਿੱਲੋਂ ਅਤੇ ਗਗਨ ਨੇ ਵੀ ਆਪਣੇ ਗੀਤਾਂ ਨਾਲ ਚੰਗੀ ਹਾਜ਼ਰੀ ਲੁਆਈ। ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਦੇ ਸਲਾਹਕਾਰ ਅਮਰਜੀਤ ਸਿੰਘ ਖ਼ੂਰਲ ਅਤੇ ਪ੍ਰਧਾਨ ਸੇਵੀ ਰਾਇਤ ਦੀਆਂ ਨਜ਼ਮਾਂ ਸਰੋਤਿਆਂ ਦੀਆਂ ਚੰਗੀ ਪਸੰਦ ਹੋ ਨਿਬੜੀਆਂ। ਦਰਸ਼ਨ ਸਿੰਘ ਸਿੱਧੂ ਵਲੋਂ ਸਟੇਜੀ ਭੂਮਿਕਾ ਬਾਖ਼ੂਬੀ ਨਿਭਾਈ ਗਈ। ਡਾ. ਅਵਤਾਰ ਸਿੰਘ ਪਤੰਗ ਵਲੋਂ ਸਾਹਿਤਕਾਰਾਂ, ਲੇਖਕਾਂ, ਕਵੀਆਂ ਅਤੇ ਸਰੋਤਿਆਂ ਲਈ ਰਸਮੀ ਧੰਨਵਾਦੀ ਸ਼ਬਦ ਕਹੇ।

ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਵਲੋਂ ਕਰਵਾਈ ਸਾਹਿਤਕ ਮਿਲਣੀ ਦੌਰਾਨ ਕਵੀ ਸੇਵੀ ਰਾਇਤ, ਅਮਰਜੀਤ ਸਿੰਘ ਖ਼ੂਰਲ, ਦਰਸ਼ਨ ਸਿੰਘ ਸਿੱਧੂ ਅਤੇ ਪ੍ਰਿੰਸੀਪਲ ਗੁਰਮੀਤ ਸਿੰਘ। ਅਜੀਤ ਤਸਵੀਰ

ਚੰਡੀਗੜ੍ਹ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਡਾ. ਸਵਰਾਜ ਸਿੰਘ। ਤਸਵੀਰ : ਕਮਲਜੀਤ ਸਿੰਘ

ਰੂਸ-ਯੂਕਰੇਨ ਯੁੱਧ ਹੋਣਾ ਪਹਿਲਾਂ ਹੀ ਤੈਅ ਸੀ-ਡਾ: ਸਵਰਾਜ ਸਿੰਘ

ਚੰਡੀਗੜ੍ਹ, 26 ਅਪ੍ਰੈਲ (ਨਵਿੰਦਰ ਸਿੰਘ ਬੜਿੰਗ)- ਅਮਰੀਕਾ 'ਚ ਪਿਛਲੇ 40 ਤੋਂ ਪ੍ਰਸਿੱਧ ਸਰਜਨ ਵਜੋਂ ਕੰਮ ਕਰ ਚੁੱਕੇ ਡਾ: ਸਵਰਾਜ ਸਿੰਘ ਨੇ ਰੂਸ-ਯੂਕਰੇਨ ਦੀ ਜੰਗ ਨੂੰ ਲੈ ਕੇ ਚੰਡੀਗੜ੍ਹ ਪ੍ਰੈੱਸ ਕਲੱਬ ਵਿਚ ਪੱਤਰਕਾਰ ਨਾਲ ਗੱਲਬਾਤ ਕੀਤੀ। ਡਾ. ਸਿੰਘ ਵਲੋਂ ਵੱਖ-ਵੱਖ ਖੇਤਰਾਂ ਵਿਚ ਲਗਭਗ 22 ਕਿਤਾਬਾਂ ਵੀ ਲਿਖੀਆਂ ਜਾ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਉਹ ਅਮਰੀਕਾ ਦੀ ਕੂਟਨੀਤੀ ਉੱਤੇ ਪਿਛਲੇ ਕਈ ਸਾਲਾਂ ਤੋਂ ਨਜ਼ਰ ਰੱਖੇ ਹੋਏ ਸਨ, ਜਿਸ ਕਰ ਕੇ ਉਨ੍ਹਾਂ ਨੇ ਇਸ ਯੁੱਧ ਦਾ ਖ਼ਦਸ਼ਾ ਪਹਿਲਾਂ ਹੀ ਜ